Punjabi | ਪੰਜਾਬੀ

NSW STATE EMERGENCY SERVICE

# ਆਪਣੇ ਸੁਨਾਮੀ ਦੇ ਖ਼ਤਰੇ ਨੂੰ ਜਾਣੋ

## ਆਪਣੇ ਸੁਨਾਮੀ ਦੇ ਖ਼ਤਰੇ ਬਾਰੇ ਪਤਾ ਲਗਾਓ



ਸਥਾਨਕ ਸੁਨਾਮੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਆਪਣੀ ਸਥਾਨਕ NSW SES ਯੂਨਿਟ ਨਾਲ ਸੰਪਰਕ ਕਰੋ।

**NSW SES ਦੀ ਵੈੱਬਸਾਈਟ** 'ਤੇ ਬਾਹਰ ਨਿਕਲਣ ਵਾਲੇ ਇਲਾਕੇ ਦੇ ਨਕਸ਼ੇ ਦੀ ਸਮੀਖਿਆ ਕਰਕੇ ਆਪਣੇ ਸੁਨਾਮੀ ਤੋਂ ਬਾਹਰ ਨਿਕਲਣ ਵਾਲੇ ਇਲਾਕਿਆਂ ਨੂੰ ਜਾਣੋ।

www.ses.nsw.gov.au/tsunamisafe/evacuation-map/tsunami-evacuation-map

## ਸੁਨਾਮੀ ਦੇ ਸੰਕੇਤਾਂ ਅਤੇ ਨਤੀਜਿਆਂ ਬਾਰੇ ਸੁਚੇਤ ਰਹੋ

ਸੁਨਾਮੀ ਸ਼ਕਤੀਸ਼ਾਲੀ ਲਹਿਰਾਂ ਦੀ ਇਕ ਲੜੀ ਹੁੰਦੀ ਹੈ ਜੋ ਕੁਝ ਸਮੇਂ ਵਾਸਤੇ ਤੱਟਵਰਤੀ ਖੇਤਰਾਂ ਨੂੰ ਪ੍ਰਭਾਵਿਤ ਕਰਦੀ ਹੈ, ਅਤੇ ਖ਼ਤਰਨਾਕ ਸੁਨਾਮੀ ਧਾਰਾਵਾਂ ਸ਼ੁਰੂਆਤੀ ਟੱਕਰ ਤੋਂ ਬਾਅਦ ਕਈ ਦਿਨਾਂ ਤੱਕ ਆਉਂਦੀਆਂ ਰਹਿ ਸਕਦੀਆਂ ਹਨ।

ਸੁਨਾਮੀ ਦੇ ਬਹੁਤ ਸਾਰੇ ਕੁਦਰਤੀ ਸੰਕੇਤ ਹਨ, ਉਦਾਹਰਨ ਲਈ:

- **ਭੁਚਾਲ**
- **ਸਮੁੰਦਰ ਦਾ ਅਜੀਬ ਵਿਵਹਾਰ: ਤੇਜ਼ੀ ਨਾਲ ਵਧ ਰਹੇ ਹੜ੍ਹ ਜਾਂ ਪਾਣੀ ਦੀ ਕੰਧ ਵਾਂਗ ਦਿਖਾਈ ਦੇਣਾ, ਜਾਂ ਸਮੁੰਦਰ ਦੇ ਪਾਣੀ ਦਾ ਪੱਧਰ ਸਮੁੰਦਰੀ ਤਲ ਦਿਖਾਈ ਦੇਣ ਤੱਕ ਬਹੁਤ ਜ਼ਿਆਦਾ ਪਿੱਛੇ ਹੱਟਣਾ**
- **ਸਮੁੰਦਰ ਵਿੱਚੋਂ ਗਰਜਨ ਦੀ ਆਵਾਜ਼ ਆਉਣਾ, ਰੇਲ-ਗੱਡੀ ਦੀ ਆਵਾਜ਼ ਵਰਗੀ**

ਸੁਨਾਮੀ ਦੇ ਬਹੁਤ ਸਾਰੇ ਪ੍ਰਭਾਵ ਅਤੇ ਸਿੱਟੇ ਨਿੱਕਲਦੇ ਹਨ, ਉਦਾਹਰਨ ਲਈ:

- **ਸਮੁੰਦਰੀ ਲਹਿਰਾਂ, ਜਵਾਰ-ਭਾਟੇ ਅਤੇ ਨੁਕਸਾਨ ਪਹੁੰਚਾਉਣ ਵਾਲੀਆਂ ਸਮੁੰਦਰੀ ਧਾਰਾਵਾਂ ਜੋ ਮਜ਼ਬੂਤ ਅਤੇ ਸ਼ਕਤੀਸ਼ਾਲੀ ਹੁੰਦੀਆਂ ਹਨ**
- **ਲਹਿਰਾਂ ਜੋ ਆਮ ਨਾਲੋਂ ਬਹੁਤ ਜ਼ਿਆਦਾ ਜ਼ਮੀਨ ਦੇ ਅੰਦਰਲੇ ਪਾਸੇ ਨੂੰ ਸਫ਼ਰ ਕਰ ਸਕਦੀਆਂ ਹਨ ਅਤੇ ਇਹ ਵਧੇਰੇ ਵਿਨਾਸ਼ਕਾਰੀ ਹੁੰਦੀਆਂ ਹਨ**
- **ਨੀਵੇਂ ਤੱਟੀ ਖੇਤਰਾਂ ਵਿੱਚ ਜ਼ਮੀਨ 'ਤੇ 2 ਕਿਲੋਮੀਟਰ ਅੰਦਰ ਵੱਲ ਨੂੰ ਹੜ੍ਹ ਆਉਣ ਦੀ ਸੰਭਾਵਨਾ ਹੁੰਦੀ ਹੈ**
- **ਨਾਲੇ ਅਤੇ ਨਦੀਆਂ ਜੋ ਸਮੁੰਦਰ ਵੱਲ ਨੂੰ ਜਾਂਦੀਆਂ ਹਨ ਉਹ ਉਨ੍ਹਾਂ ਲਹਿਰਾਂ ਦਾ ਸਾਹਮਣਾ ਕਰ ਸਕਦੀਆਂ ਹਨ ਜੋ ਉੱਪਰ ਵੱਲ ਨੂੰ ਚੜ੍ਹਦੀਆਂ ਹਨ ਅਤੇ ਪਾਣੀ ਨੇੜਲੀਆਂ ਜ਼ਮੀਨਾਂ ਅਤੇ ਟਾਪੂਆਂ 'ਤੇ ਹੜ੍ਹ ਲਿਆ ਸਕਦੀਆਂ ਹਨ**

ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES ਨੂੰ 132 500 'ਤੇ ਫ਼ੋਨ ਕਰੋ।**

**www.ses.nsw.gov.au/languages**

@NSWSES NSWSES NSWSES

Punjabi | ਪੰਜਾਬੀ

NSW STATE EMERGENCY SERVICE

# ਆਪਣੇ ਸੁਨਾਮੀ ਦੇ ਖ਼ਤਰੇ ਨੂੰ ਜਾਣੋ

## ਤਿਆਰੀ ਕਰ ਕੇ ਰੱਖੋ




ਉਹਨਾਂ ਖੇਤਰਾਂ ਵਾਸਤੇ ਜਿੰਨ੍ਹਾਂ ਵਿੱਚ ਤੁਸੀਂ ਰਹਿੰਦੇ ਹੋ, ਕੰਮ ਕਰਦੇ ਹੋ ਅਤੇ ਜਾਂਦੇ ਹੋ, ਆਪਣੀਆਂ ਮੋਬਾਈਲ ਡਿਵਾਈਸਾਂ 'ਤੇ **ਹੈਜ਼ਰਡਜ਼ ਨੀਅਰ ਮੀ** ਐਪ ਨੂੰ ਡਾਊਨਲੋਡ ਕਰੋ ਅਤੇ **ਚੌਕਸੀ ਵਾਲੇ ਖ਼ੇਤਰ (ਵਾਚ ਜ਼ੋਨ)** ਬਣਾਓ।



ਆਪਣੇ ਘਰ, ਕਾਰੋਬਾਰ ਅਤੇ ਜਾਇਦਾਦਾਂ ਲਈ **ਸੁਨਾਮੀ ਤੋਂ ਨਿਕਲਣ ਦੀਆਂ ਯੋਜਨਾਵਾਂ** ਤਿਆਰ ਕਰੋ ਜੋ ਸੁਨਾਮੀ ਦੇ ਖ਼ਤਰੇ ਵਾਲੇ ਇਲਾਕਿਆਂ ਵਿੱਚ ਹਨ, ਅਤੇ ਯਕੀਨੀ ਬਣਾਓ ਕਿ ਤੁਸੀਂ ਆਪਣੀ ਦੇਖਭਾਲ ਵਿੱਚ ਸਾਰੇ ਲੋਕਾਂ ਅਤੇ ਜਾਨਵਰਾਂ ਲਈ ਯੋਜਨਾ ਬਣਾਉਂਦੇ ਹੋ।



ਆਪਣੀ ਐਮਰਜੈਂਸੀ ਯੋਜਨਾ ਨੂੰ ਪਰਿਵਾਰ, ਗੁਆਂਢੀਆਂ ਅਤੇ ਨਾਲ ਕੰਮ ਕਰਨ ਵਾਲਿਆਂ ਨਾਲ ਸਾਂਝਾ ਕਰੋ ਅਤੇ ਬਾਕਾਇਦਾ ਇਸ ਦੀ ਸਮੀਖਿਆ ਕਰੋ।

## ਐਮਰਜੈਂਸੀ ਕਿੱਟ ਤਿਆਰ ਕਰੋ

ਤੁਹਾਡੀ ਐਮਰਜੈਂਸੀ ਕਿੱਟ ਵਿੱਚ ਇਹ ਸਭ ਹੋਣਾ ਚਾਹੀਦਾ ਹੈ:

- ਵਾਧੂ ਬੈਟਰੀਆਂ ਦੇ ਨਾਲ ਚੁੱਕਵਾਂ (ਪੋਰਟੇਬਲ) ਰੇਡੀਓ
- ਵਾਧੂ ਬੈਟਰੀਆਂ (ਸੈੱਲਾਂ) ਸਮੇਤ ਟਾਰਚ
- ਮੁੱਢਲੀ ਸਹਾਇਤਾ (ਫ਼ਸਟ ਏਡ) ਕਿੱਟ (ਤੁਹਾਡੇ ਪਰਿਵਾਰ ਲਈ ਲੋੜੀਂਦੀਆਂ ਚੀਜ਼ਾਂ ਦੇ ਨਾਲ)
- ਮੋਮਬੱਤੀਆਂ ਅਤੇ ਪਾਣੀ ਨਾਲ ਨਾ ਭਿੱਜਣ ਵਾਲਿਆਂ ਮਾਚਿਸਾਂ
- ਐਮਰਜੈਂਸੀ ਸੰਪਰਕ ਨੰਬਰਾਂ ਸਮੇਤ ਮਹੱਤਵਪੂਰਨ ਕਾਗਜ਼ਾਤ
- ਸਾਰੀਆਂ ਐਮਰਜੈਂਸੀ ਯੋਜਨਾਵਾਂ ਦੀ ਨਕਲ
- ਕੀਮਤੀ ਚੀਜ਼ਾਂ ਲਈ ਵਾਟਰਪਰੂਫ਼ ਬੈਗ (ਪਾਣੀ ਨਾਲ ਭਿੱਜਣ ਤੋਂ ਬਚਾਉਣ ਵਾਲਾ ਝੋਲਾ)




ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES ਨੂੰ 132 500 'ਤੇ ਫ਼ੋਨ ਕਰੋ।**

**www.ses.nsw.gov.au/languages**

@NSWSES NSWSES NSWSES